ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ......314...  ਮਿਤੀ: ...01/02/23

ਵਿਸ਼ਾ:- ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 31/01/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 04 ਮਿਤੀ 31/01/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 315-318  ਮਿਤੀ: 01/02/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

੨/੨

Scanned with CamScanner

# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in


ਮਿਤੀ:31.01.2023 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 04, 31.01.2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਮਾਨਯੋਗ ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋ ਦਫਤਰ ਦੇ ਡਾਕ ਨੰ: 3164 ਮਿਤੀ 27-12-2022 ਰਾਹੀ ਵਾਰਡ ਨੰ: 34, ਚਾਚੋਕੀ ਕਲੋਨੀ ਦੇ ਇਲਾਕਾ ਨਿਵਾਸੀਆ ਵੱਲੋ ਨਵੀ ਸੀਵਰ ਲਾਈਨ ਪਾਉਣ ਦੀ ਬੇਨਤੀ ਪ੍ਰਾਪਤ ਹੋਈ ਹੈ। ਜਿਸ ਤੋ ਬਾਅਦ ਇਸ ਜਗ੍ਹਾ ਦਾ ਮੋਕਾ ਦੇਖਿਆ ਗਿਆ ਅਤੇ ਮੋਕੇ ਮੁਤਾਬਕ ਉਕਤ ਜਗ੍ਹਾ ਤੇ ਸੀਵਰ ਲਾਈਨ ਨਹੀ ਹੈ। ਉਕਤ ਜਗ੍ਹਾ ਤੇ ਇਲਾਕਾ ਨਿਵਾਸੀਆ ਨੂੰ ਸੀਵਰ ਲਾਈਨ ਨਾ ਹੋਣ ਕਾਰਣ ਬਹੁੱਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਕਰਕੇ ਇਸ ਜਗ੍ਹਾ ਤੇ ੪ ਇੱਚ ਦੀ ਲਗਭਗ 350 ਮੀਟਰ ਨਵੀ ਸੀਵਰ ਲਾਈਨ ਪਾਉਣੀ ਜਰੂਰੀ ਹੈ। ਉਕਤ ਜਗ੍ਹਾ ਤੇ ਨਵੀ ਸੀਵਰ ਲਾਈਨ ਪਾਉਣ ਲਈ ਸੀ.ਐਸ.ਆਰ ਦੇ ਰੇਟਾ ਮੁਤਾਬਕ ਤਖਮੀਨਾ ਤਿਆਰ ਕਰ ਲਿਆ ਗਿਆ ਹੈ। ਤਖਮੀਨੇ ਅਨੁਸਾਰ ਇਸ ਜਗ੍ਹਾ ਤੇ ਨਵੀ ਸੀਵਰ ਲਾਈਨ ਪਾਉਣ ਲਈ ਲਗਭਗ 9.12 ਲੱਖ ਰੂਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਇਸ ਲਈ ਉਕਤ ਕੰਮ ਨੂੰ ਕਰਾਉਣ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਨੂੰ ਦਿੱਤੀਆ ਗਈਆ ਸਨ।। ਇਸ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਨਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਦੇ ਹੁਕਮ ਨੰ. 4105 ਮਿਤੀ 13.12.2022 ਰਾਹੀਂ ਬਣਾਈ ਗਈ Resolution Committee ਵਲੋਂ ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | ---- | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ

Scanned with CamScanner